ਸਾਡੀ ਦੁਭਾਸ਼ੀਆ ਅਤੇ ਅਨੁਵਾਦ ਸੇਵਾ ਤੋਂ ਗਾਹਕ ਕੀ ਉਮੀਦ ਕਰ ਸਕਦੇ ਹਨ

## ਵਿਆਖਿਆ ਅਤੇ ਅਨੁਵਾਦ

ਸਾਰੀਆਂ ਹੀ ਕੌਂਸਲਾਂ, ਜੋ ਕਿ ਵੂਰਸੈਸਟਰਸ਼ਾਇਰ ਅੰਦਰ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਇਹ ਯਕੀਨੀ ਬਣਾਉਣਾ ਚਾਹੁੰਦੀਆਂ ਹਨ ਕਿ ਹਰੇਕ ਗਾਹਕ ਨੂੰ ਉਹਨਾਂ ਵਲੋਂ ਲੋੜੀਂਦੀ ਜਾਣਕਾਰੀ ਮਿਲ ਸਕੇ ਅਤੇ ਉਹ ਸੇਵਾਵਾਂ ਤੱਕ ਪਹੁੰਚ ਕਰ ਸਕਣ।

ਸਰੀਰਕ, ਇੰਦਰਿਆਵੀ ਅਤੇ ਸਿੱਖਣ ਸਬੰਧੀ ਅਸਮਰੱਥਾਵਾਂ ਵਾਲੇ ਲੋਕ ਅਤੇ ਜਿਹਨਾਂ ਦੀ ਪਹਿਲੀ ਭਾਸ਼ਾ ਅੰਗ੍ਰੇਜ਼ੀ ਨਹੀਂ ਹੈ, ਸਾਡੇ ਨਾਲ ਉਸ ਤਰੀਕੇ ਨਾਲ ਸੰਪਰਕ ਕਰ ਸਕਨ, ਜੋ ਉਹਨਾਂ ਲਈ ਸਹੀ ਹੈ। ਜਿਥੇ ਤੱਕ ਸੰਭਵ ਹੋ ਸਕੇ, ਇਸਨੂੰ ਯਕੀਨੀ ਬਣਾਉਣਾ ਹੀ ਸਾਡਾ ਟੀਚਾ ਹੈ।

ਅਸੀਂ ਕਿਸੇ ਦਸਤਾਵੇਜ਼ਾਂ ਦਾ ਅਨੁਵਾਦ ਉਦੋਂ ਤੱਕ ਨਹੀਂ ਕਰਦੇ, ਜਦੋਂ ਤੱਕ ਵਿਸ਼ੇਸ਼ ਹਾਲਾਤ ਨਾ ਹੋਣ। ਜੇ ਕਿਸੇ ਵਿਸ਼ੇਸ਼ ਦਸਤਾਵੇਜ਼ਾਂ ਨੂੰ ਸਮਝਣ ਲਈ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਅਸੀਂ ਤੁਹਾਡੀ ਸਹਾਇਤਾ ਲਈ ਇਕ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ।

## ਇੰਡਕਸ਼ਨ ਲੂਪਸ

ਵੂਰਸੈਸਟਰਸ਼ਾਇਰ ਹੱਬ ਦੇ ਸਾਡੇ ਸਾਰੇ ਗਾਹਕ ਸੇਵਾ ਕੇਂਦਰਾਂ ਅਤੇ ਕਾਉਂਟੀ ਹਾਲ ਵਿਖੇ ਕੌਂਸਲ ਚੈਂਬਰ ਵਿਚ ਇੰਡਕਸ਼ਨ ਲੂਪਸ ਫ਼ਿਟ ਕੀਤੇ ਗਏ ਹਨ। ਜੇ ਤੁਹਾਨੂੰ ਆਪਣੀ ਮੀਟਿੰਗ ਵਾਲੀ ਥਾਂ 'ਤੇ ਇੰਡਕਸ਼ਨ ਲੂਪ ਦੀ ਲੋੜ ਹੈ, ਤਾਂ ਕਿਰਪਾ ਕਰਕੇ ਪ੍ਰੋਗਰਾਮ ਦੇ ਪ੍ਰਬੰਧਕਾਂ ਨਾਲ ਸੰਪਰਕ ਕਰੋ।

## ਸੰਕੇਤ ਭਾਸ਼ਾ

ਵੂਰਸੈਸਟਰਸ਼ਾਇਰ ਦੀਆਂ ਸਾਰੀਆਂ ਕੌਂਸਲਾਂ ਬੇਨਤੀ ਮਿਲਣ 'ਤੇ ਪਬਲਿਕ ਮੀਟਿੰਗਾਂ ਅਤੇ ਗਾਹਕਾਂ ਨਾਲ ਹੋਣ ਵਾਲੀਆਂ ਮੀਟਿੰਗਾਂ 'ਚ ਸੰਕੇਤ ਭਾਸ਼ਾ ਉਪਲਬਧ ਕਰਾਉਣਗੀਆਂ।

## ਜੇ ਤੁਸੀਂ ਅੰਗ੍ਰੇਜ਼ੀ ਨੂੰ ਆਪਣੀ ਪਹਿਲੀ ਭਾਸ਼ਾ ਵਜੋਂ ਨਹੀਂ ਬੋਲਦੇ

ਤੁਹਾਡੀ ਭਾਸ਼ਾ ਵਿਚ, ਤੁਹਾਡੇ ਵਲੋਂ ਲੋੜੀਂਦੀ ਜਾਣਕਾਰੀ ਹਾਸਿਲ ਕਰਨ ਵਿਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਜੇ ਤੁਸੀਂ ਜਾਂ ਕੋਈ ਹੋਰ, ਜੋ ਕਿ ਤੁਹਾਡੇ ਲਈ ਬੋਲ ਸਕਦਾ ਹੈ, ਸਾਨੂੰ ਕਾਲ ਕਰੇ, ਤਾਂ ਅਸੀਂ ਕਿਸੇ ਟੈਲੀਫੋਨ 'ਤੇ ਗੱਲਬਾਤ ਦੌਰਾਨ ਜਾਂ ਆਹਮੋ-ਸਾਹਮਣੀ ਮੀਟਿੰਗ ਦੌਰਾਨ ਇਕ ਦੁਭਾਸ਼ੀਏ ਦਾ ਉਥੇ ਮੌਜੂਦ ਹੋਣ ਦਾ ਪ੍ਰਬੰਧ ਕਰ ਸਕਦੇ ਹਾਂ।

ਸਾਡੇ ਵੱਲੋਂ ਵਰਤੋਂ ਵਿਚ ਲਿਆਏ ਜਾਂਦੇ ਜ਼ਿਆਦਾਤਰ ਦੁਭਾਸ਼ੀਆਂ ਕੋਲ ਰਾਸ਼ਟਰੀ ਪੱਧਰ 'ਤੇ ਪ੍ਰਮਾਣਿਤ ਯੋਗਤਾਵਾਂ ਹੋਣਗੀਆਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਸੀਂ ਸਾਨੂੰ ਜੋ ਵੀ ਦੱਸੋਗੇ ਉਹ ਪੂਰਣ ਤੌਰ 'ਤੇ ਨਿੱਜੀ ਹੋਏਗਾ। ਜੇ ਪੂਰਣ ਰਾਜ਼ਦਾਰੀ ਸੰਭਵ ਨਹੀਂ ਹੋ ਸਕੇਗੀ, ਤਾਂ ਅਸੀਂ ਤੁਹਾਨੂੰ ਉਸ ਸਮੇਂ ਦੱਸਾਂਗੇ ਅਤੇ ਕਾਰਣਾਂ ਬਾਰੇ ਵੀ ਦਸਾਂਗੇ ਕਿ ਕਿਉਂ।

**ਸਾਡੇ ਨਾਲ ਕਿਵੇਂ ਸੰਪਰਕ ਕੀਤਾ ਜਾਏ?**

ਜੇ ਤੁਹਾਨੂੰ ਵੱਡੇ ਅੱਖਰਾਂ ਵਿਚ, ਜਾਂ ਆੱਡੀਓ ਟੇਪ 'ਤੇ ਜਾਣਕਾਰੀ ਦੀ ਲੋੜ ਹੈ, ਜਾਂ ਆਪਣੀ ਭਾਸ਼ਾ ਵਿਚ ਜਾਣਕਾਰੀ ਜਾਂ ਦਸਤਾਵੇਜ਼ ਨੂੰ ਸਮਝਣ ਦੀ ਲੋੜ ਹੈ ਤਾਂ ਕਿਰਪਾ ਕਰਕੇ ਵੂਰਸੈਸਟਰਸ਼ਾਇਰ ਹੱਬ ਨੂੰ 01905 765765 'ਤੇ ਟੈਲੀਫੋਨ ਕਰੋ।

**ਆਮ ਪੁਛੇ ਜਾਣ ਵਾਲੇ ਸੁਆਲ**

**ਕੀ ਮੈਨੂੰ ਦੁਭਾਸ਼ੀਏ ਜਾਂ ਅਨੁਵਾਦ ਲਈ ਕੁਝ ਭੁਗਤਾਨ ਕਰਨਾ ਪੈਣਾ ਹੈ?** ਸਾਡੇ ਵਲੋਂ ਤੁਹਾਡੇ ਲਈ ਦੁਭਾਸ਼ੀਆ ਸੇਵਾਵਾਂ ਉਪਲਬਧ ਕੀਤੀਆਂ ਜਾਂਦੀਆਂ ਹਨ। ਅਨੁਵਾਦ ਦੀ ਲਾਗਤ ਤੁਹਾਡੇ ਵਲੋਂ ਮੰਗੇ ਗਏ ਦਸਤਾਵੇਜ਼ਾਂ 'ਤੇ ਨਿਰਭਰ ਕਰਦੀ ਹੈ, ਪਰ ਆਮ ਤੌਰ 'ਤੇ ਅਸੀਂ ਅਨੁਵਾਦਾਂ ਲਈ ਪੈਸੇ ਨਹੀਂ ਲਵਾਂਗੇ।

**ਤੁਸੀਂ ਮੇਰੇ ਲਈ ਦੁਭਾਸ਼ੀਏ ਦਾ ਪ੍ਰਬੰਧ ਕਿੰਨੀ ਛੇਤੀ ਕਰ ਸਕਦੇ ਹੋ?** ਅਸੀਂ ਹਰ ਇਕ ਲਈ ਢੁੱਕਵੇਂ ਸਮੇਂ ਅਨੁਸਾਰ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ। ਇਹ ਜਿੰਨੀ ਛੇਤੀ ਸੰਭਵ ਹੋ ਸਕੇ ਕੀਤਾ ਜਾਏਗਾ ਅਤੇ ਇਸ ਵਿਚ ਐਮਰਜੈਂਸੀ ਵੇਲੇ ਦਫ਼ਤਰ ਤੋਂ ਬਾਅਦ ਦਾ ਸਮਾਂ ਸ਼ਾਮਿਲ ਹੈ।

**ਮੇਰੇ ਵਲੋਂ ਕਿਹਾ ਗਿਆ ਅਨੁਵਾਦ ਮੈਨੂੰ ਮਿਲਣ ਵਿਚ ਕਿੰਨਾ ਸਮਾਂ ਲਗੇਗਾ?** ਇਹ ਤੁਹਾਡੇ ਵੱਲੋਂ ਬੇਨਤੀ ਕੀਤੇ ਗਏ ਦਸਤਾਵੇਜ਼ ਦੇ ਅਕਾਰ 'ਤੇ ਨਿਰਭਰ ਕਰੇਗਾ ਅਤੇ ਸਾਡਾ ਉਦਮ ਹੋਏਗਾ ਕਿ ਇਸਨੂੰ ਜਿੰਨੀ ਛੇਤੀ ਸੰਭਵ ਹੋਵੇ, ਕੀਤਾ ਜਾਏ।

**ਕੌਂਸਲ ਸਟਾਫ਼ ਵਲੋਂ ਮੇਰੇ ਘਰ ਆਉਣ ਵੇਲੇ ਕੀ ਤੁਸੀਂ ਦੁਭਾਸ਼ੀਏ ਨੂੰ ਮੇਰੇ ਘਰ ਭੇਜਣ ਦਾ ਪ੍ਰਬੰਧ ਕਰ ਸਕਦੇ ਹੋ?** ਜੇ ਤੁਹਾਨੂੰ ਕੌਂਸਲ ਸਟਾਫ਼ ਦੇ ਤੁਹਾਡੇ ਕੋਲ ਆਉਣ 'ਤੇ ਮਦਦ ਦੀ ਲੋੜ ਹੈ, ਤਾਂ ਸਾਨੂੰ ਇਸ ਬਾਰੇ ਮੁਲਾਕਾਤ ਤੈਅ ਕਰਨ ਦੇ ਸਮੇਂ ਦੀ ਸੂਚਨਾ ਦਿਓ, ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਦੁਭਾਸ਼ੀਆ ਮੌਜੂਦ ਹੋਵੇ।

**ਮੈਂ ਅੰਗ੍ਰੇਜ਼ੀ ਕਿਥੇ ਸਿੱਖ ਸਕਦਾ/ਸਕਦੀ ਹਾਂ?** ਅੰਗ੍ਰੇਜ਼ੀ (ESOL) ਦੀਆਂ ਕਲਾਸਾਂ ਕਾਉਂਟੀ ਭਰ ਵਿਚ ਉਪਲੱਬਧ ਹਨ। ਤੁਸੀਂ ਕਾਉਂਟੀ ਕੌਂਸਲ ਦੀ ਬਾਲਗ ਸਿੱਖਿਆ ਸੇਵਾ ਨੂੰ 01905 728887 'ਤੇ ਫੋਨ ਕਰ ਸਕਦੇ ਹੋ ਜਾਂ ਹੋਰ ਜਾਣਕਾਰੀ ਲਈ ਸਿਧਿਆਂ ਆਪਣੇ ਸਥਾਨਕ ਕਾਲਜ ਨੂੰ ਸੰਪਰਕ ਕਰ ਸਕਦੇ ਹੋ।